# ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਜੋਤੀ ਜੋਤਿ ਸਮਾਉਣਾ:

ਕਥਾ ਵਾਚਿਕ ਅਤੇ ਵਾਰਤਾਕਾਰ, ਆਪਣੀ ਸਾਰੀ ਵਿੱਦਿਆ, ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਦੇ ਵਿਰਤਾਂਤ ਸੁਨਾਉਣ ਤੇ ਲਗਾ ਦਿੰਦੇ ਹਨ। ਸ਼ਾਇਦ ਕਿਸੇ ਫਿਲਮੀ ਸੀਨ ਨੂੰ ਵੀ ਫਿਲਮਕਾਰ, ਇੰਨਾਂ ਦਰਦਨਾਕ, ਖੌਫਨਾਕ, ਤਰਸਯੋਗ ਦ੍ਰਿਸ਼ ਨਾ ਲਿਖ ਸਕਣ ਜਾਂ ਬਣਾ ਸਕਣ, ਜਿੰਨ੍ਹਾਂ ਜ਼ੋਰ ਇਹ ਭਾਈ ਲੋਕ, ਇਹ ਸੁਣਾ ਕੇ ਬਣਾਉਦੇਂ ਹਨ। ਜਿਵੇਂ, ਬਾਲਕ ਉਮਰ ਵਿੱਚ ਸੀਤਲਾ ਭੀ ਜਲਦੀ ਹਮਲਾ ਕਰ ਦਿੰਦੀ ਹੈ। ਸਾਰੇ ਸਰੀਰ ਤੇ ਦਾਣੇ ਉੱਭਰ ਆਏ, ਬੇਹੋਸ਼ੀ ਵਾਲੀ ਹਾਲਤ ਹੋ ਗਈ। ਸੰਗਤਾਂ ਨੇ ਪੁੱਛਿਆ ਕਿ ਅੱਗੋਂ ਗੁਰਗੱਦੀ ਕਿਸਨੂੰ ਦੇਣੀ ਹੈ, ਤਾਂ ਮਸਾਂ ਇਹੋ ਹੀ ਨਿਕਲਿਆ ਕਿ “ਬਾਬਾ ਬਕਾਲੇ”। ਇਸ ਤੋਂ ਬਾਅਦ ਇਕ ਦਮ ਹੀ ਸਵਾਸ ਤਿਆਗ ਦਿੱਤੇ, ਕਿਉਂਕਿ ਸਰੀਰ ਬਹੁਤ ਹੀ ਨਿਰਬਲ ਹੋ ਗਿਆ ਸੀ। ਡਾ : ਸਾਹਿਬ ਸਿੰਘ ਵੀ ਪਿੱਛੇ ਨਹੀਂ ਹਨ, ਲਿਖਦੇ ਹਨ: “ਇੱਕ ਦਿਨ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ਵੀ ਬੜੇ ਜ਼ੋਰ ਦਾ ਬੁਖ਼ਾਰ ਹੋ ਗਿਆ।" ਸਤਿਗੁਰੂ ਜੀ ਦੇ ਸਰੀਰ ਉੱਤੇ ਭੀ ਚੇਚਕ ਦੇ ਲੱਛਣ ਦਿਸਣ ਲੱਗ ਪਏ।ਇਸਤੋਂ ਪਹਿਲੇ ਲਿਖਿਆ ਹੈ," ਉਹਨਾਂ ਦੀ ਆਪਣੀ ਉਮਰ ਅਜੇ ਪੌਣੇ ਅੱਠ ਸਾਲਾਂ ਤੋਂ ਘੱਟ ਹੀ ਸੀ।ਇਸ ਉਮਰੇ ਚੇਚਕ ਉੱਡ ਕੇ ਪੈਂਦੀ ਹੈ”

ਗੁਰੂ ਸਾਹਿਬ ਨੂੰ ਚੇਚਕ ਹੋਣੀ, ਮਨ ਮੰਨਦਾ ਨਹੀਂ ਸੀ ।

ਸੱਚ ਪੁੱਛੋਂ, ਤਾਂ ਮੇਰਾ ਮਨ, ਇਹ ਮੰਨਣ ਨੂੰ ਤਿਆਰ ਹੀ ਨਹੀਂ ਸੀ, ਕਿ ਬਾਲਾ ਪ੍ਰੀਤਮ, ਬਾਲਾ ਪੀਰ, ਅਖਵਾਉਣ ਵਾਲੇ, “ਸ੍ਰੀ ਹਰਿ ਕ੍ਰਿਸ਼ਨ ਧਿਆਈਐ, ਜਿਸੁ ਡਿਠੈ ਸਭਿ ਦੁਖ ਜਾਇ,” ਅਨੁਸਾਰ ਜਿਹਨਾਂ ਦੇ ਦਰਸ਼ਨ ਇਤਨੇ ਦੁਰਲੱਭ, ਕਿ ਜਿਹਨਾਂ ਨੂੰ ਦਰਸ਼ਨ ਨਸੀਬ ਹੁੰਦੇ, ਉਹਨਾਂ ਦੇ ਸਾਰੇ ਦੁੱਖ ਲੱਥ ਜਾਂਦੇ ।ਦੁਖ ਤਾਂ ਹਰ ਇਨਸਾਨ ਨੂੰ ਹੁੰਦਾ ਹੈ, ਕੋਈ ਆਪ ਬੀਮਾਰ ਤੇ ਕਿਸੇ ਦਾ ਪ੍ਰੀਵਾਰ ਬੀਮਾਰ, ਕੰਮ ਨਾ ਪੂਰਨ ਹੁੰਦਾ, ਹਰ ਕੰਮ ਵਿੱਚ ਨਾਕਾਮੀ, ਘਰ ਵਿੱਚ ਬੇਇਤਫਾਕੀ ਝਗੜੇ, ਸਾਰੇ ਪਾਸੇ ਦੁਸ਼ਮਣਾਂ ਹਥੋਂ ਹਾਰ ਹੋਣੀ, ਕੀਤੇ ਕਰਮਾਂ ਦੀ ਸਜ਼ਾ ਅਤੇ ਕਿਸੇ ਨੂੰ ਪ੍ਰਮੇਸ਼ਰ ਨੂੰ ਮਿਲਣ ਦੀ ਖ਼ੁਹਾਇਸ਼ ਆਦਿ ।ਜਿਹਨਾਂ ਨੂੰ ਵੀ, ਕਿਸੇ ਵੀ ਗਰਜ਼ ਖਾਤਿਰ ਗੁਰੂ ਸਾਹਿਬ ਦੇ ਸਨਮੁਖ ਹੋਣ ਦਾ, ਸੁਭਾਗ ਪ੍ਰਾਪਤ ਹੁੰਦਾ, ਸਭ ਕੁਛ ਪਾ ਲੈਂਦੇ । ਚੋਰਾਂ ਡਾਕੂਆਂ ਦੀ ਮੱਤ ਬਦਲ ਜਾਂਦੀ । ਖਿਨ ਵਿੱਚ ਪਾਪ ਧੋਤੇ ਜਾਂਦੇ । ਅਜਿਹੇ ਗੁਰ ਪੀਰ ਨੂੰ ਸੀਤਲਾ ਹੋ ਜਾਵੇ, ਮਨ ਬਿਲਕੁਲ ਨਹੀਂ ਮੰਨਦਾ ਸੀ।

ਚੇਚਕ ਹੋਈ ਹੀ ਨਹੀਂ ਸੀ - ਸਾਬਤ ਕਰਨਾ :-

ਡਾਕਟਰੀ ਪੱਖ ਤੋਂ ਵੀ ਸਾਬਤ ਕਰ ਸਕਦੇਂ ਹਾਂ, ਕਿ ਸੀਤਲਾ ਹੋਈ ਹੀ ਨਹੀਂ ਸੀ । ਸੀਤਲਾ ਦੀਆਂ ਵਿਵੇਸ਼ਤਾਈਆਂ ਇਵੇਂ ਹਨ :-

੧) ਬਹੁਤ ਤਕੜੀ ਛੂਤ ਦੀ ਬਿਮਾਰੀ, ਕੋਈ ਵੀ ਇਸਦੇ ਪ੍ਰਭਾਵ ਤੋਂ ਬਚਦਾ ਨਹੀਂ ਹੈ।

੨) ਬੱਚਿਆਂ ਤੇ ਜ਼ਿਆਦਾ ਭਿਆਨਕ ਅਸਰ ਕਰਦੀ ਹੈ, ਕਿਉਂਕਿ ਬੱਚਿਆਂ ਅੰਦਰ, ਬੀਮਾਰੀਆਂ ਖਿਲਾਫ ਲੜਨ ਦੀ ਤਾਕਤ ਘੱਟ ਹੁੰਦੀ ਹੈ।

੩)ਜਿਹਨਾਂ ਨੂੰ ਬੀਮਾਰੀ ਦੇ ਜਰਾਸੀਮ ਮਿਲਦੇ, ਉਹਨਾਂ ਵਿਚੋਂ ਬਹੁਤਿਆਂ ਨੂੰ, ਦਸਾਂ ਬਾਰ੍ਹਾਂ ਦਿਨਾਂ ਦੇ ਅੰਦਰ ਬੀਮਾਰੀ ਆ ਜਾਂਦੀ ।ਕੁਝ ਅਜਿਹੇ ਭੀ ਹੁੰਦੇ, ਜਿਨਾਂ ਨੂੰ ਬਿਮਾਰੀ ਦੇ ਜਰਾਸੀਮ ਤਾਂ ਮਿਲਦੇ, ਪਰ ਬਿਮਾਰੀ ਨਹੀਂ ਹੁੰਦੀ, ਸਗੋਂ ਉਹਨਾਂ ਅੰਦਰ ਅਜਿਹੀ ਬੀਮਾਰੀ ਦੇ ਖਿਲਾਫ ਰਸ ਪੈਦਾ ਹੁੰਦੇ, ਜਿਹਨਾਂ ਰਸਾਂ ਰਾਹੀਂ ਉਹਨਾਂ ਨੂੰ ਸਾਰੀ ਉਮਰ ਵਿੱਚ ਭੀ ਬੀਮਾਰੀ ਕਦੇ ਨਹੀਂ ਆਉਂਦੀ।

੪)ਬੀਮਾਰੀ ਦੇ ਜਰਾਸੀਮ ਮਿਲਣ ਤੋਂ ਦਸਾਂ-ਬਾਰ੍ਹਾਂ ਦਿਨਾਂ ਬਾਅਦ, ਖੰਘ, ਜ਼ੁਕਾਮ, ਤੇਜ ਬੁਖ਼ਾਰ ਹੁੰਦਾ, ਥੋੜੇ ਦਿਨਾਂ ਵਿੱਚ ਚਮੜੀ ਤੇ,

ਸਾਰੇ ਸਰੀਰ ਉੱਤੇ ਪਾਣੀ ਵਾਲੇ ਛਾਲੇ ਪੈ ਜਾਂਦੇ । ਇਹ ਛਾਲਿਆਂ ਦੇ ਅਰਾਮ ਆਉਣ ਬਾਅਦ ਸਰੀਰ ਤੇ ਦਾਗ ਪੈ ਜਾਂਦੇ, ਅੱਖਾਂ ਵੀ ਅੰਨ੍ਹੀਆਂ ਹੋ ਜਾਂਦੀਆਂ, ਮੌਤ ਆਉਣ ਨੂੰ ਦਸ - ਬਾਰਾਂ ਦਿਨ ਹੋਰ ਲੱਗ ਸਕਦੇ,। ਪਹਿਲੇ ਹੀ ਦਿਨ ਮੌਤ ਨਹੀਂ ਹੁੰਦੀ, ਜੇ ਦਿਮਾਗ ਵਿੱਚ ਭੀ ਸੋਜ਼ਿਸ਼ ਆ ਜਾਵੇ, ਤਾਂ ਵੀ ਇੱਕ ਦਮ ਮੌਤ ਨਹੀਂ ਆਉਦੀਂ । ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਜੋਤੀ ਜੋਤਿ ਸਮਾਉਣ

ਤੋਂ, ਇਕ ਜਾਂ ਦੋ ਮਹੀਨੇ ਪਹਿਲੇ ਦਿੱਲੀ ਗਏ ਸਨ,ਉਹਨਾਂ ਨੇ ਗਲੀਆਂ,ਮੁਹੱਲਿਆਂ ਵਿੱਚ ਜਾਕੇ ਹਜ਼ਾਰਾਂ ਰੋਗੀਆਂ ਦੇ ਰੋਗ ਦੂਰ ਕੀਤੇ ਅਤੇ ਸੈਂਕੜੇ ਰੋਗੀ ਭੀ ਹੀ ਹਰ ਰੋਜ਼ ਦਰਸ਼ਨਾਂ ਨੂੰ ਆਉਦੇਂ ਹੋਣਗੇ। ਜੇ ਆਪ ਜੀ ਨੂੰ ਪਹਿਲੇ ਦਸ -ਬਾਰਾਂ ਦਿਨਾਂ ਵਿੱਚ ਸੀਤਲਾਂ ਹੋਈ ਨਹੀਂ ਤਾਂ ਫਿਰ ਡਾਕਟਰੀ ਹਿਸਾਬ ਨਾਲ ਸਾਰੀ ਉਮਰ ਸੀਤਲਾ ਹੋ ਹੀ ਨਹੀਂ ਸਕਦੀ ਸੀ। ਡਾਕਟਰੀ ਪੱਖ ਤੋਂ ਭੀ, ਆਪ ਜੀ ਨੂੰ ਸੀਤਲਾ ਹੋਣ ਦਾ ਸਵਾਲ ਭੀ ਪੈਦਾ ਨਹੀਂ ਹੁੰਦਾ। ਧੰਨਵਾਦ ਕਰਦੇ ਹਾਂ ਪ੍ਰਿਸੀਪਲ ਸਤਿਬੀਰ ਸਿੰਘ ਜੀ ਦਾ, ਜਿਹਨਾਂ ਨੇ ਖੋਜ ਭਰਪੂਰ 'ਅਸ਼ਟਮ ਬਲਬੀਰਾ' ਜੀਵਨੀ ਗੁਰੂ ਹਰਿ ਕ੍ਰਿਸ਼ਨ ਜੀ ਦੀ ਕਿਤਾਬ ਛਾਪੀ, ਹਰ ਗੱਲ ਸਪਸ਼ਟ ਹੋ ਗਈ, ਅਤੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਗੁਰਗੱਦੀ ਦੀ ਰਸਮ ਦੀ ਕ੍ਰਿਆ ਬਾਰੇ ਭੀ ਸਹੀ ਜਾਣਕਾਰੀ ਮਿਲੀ ਹੈ । ਹੁਣ ਆਪਾਂ, ਸਿਰਫ ਵਾਰ ਰਾਮਕਲੀ ਪਾਤਸ਼ਾਹੀ ਦਸਵੀਂ ਦੀ ੨੨ਵੀਂ ਪਉੜੀ ਦੇ ਸ਼ਬਦ ਹੀ ਪੜੀਏ, ਇਸ ਬੀਮਾਰੀ ਦੇ ਰਾਜ਼ ਦਾ ਪਤਾ ਲੱਗ ਜਾਵੇਗਾ ।

ਹਰਿ ਕ੍ਰਿਸ਼ਨ ਭਯੋ ਅਸ਼ਟਮ ਬਲਬੀਰਾ।

ਜਿਨੀ ਪਹੁੰਚ ਦੇਹਲੀ ਤਜਿਓ ਸਰੀਰਾ।

ਬਾਲ ਰੂਪ ਧਰਿਓ ਸਵਾਂਗ ਰਚਾਇ।

ਤਬ ਸਹਿਜੇ ਤਨ ਕੋ ਛੋਡਿ ਸਿਧਾਇ।

ਇਉ ਮੁਗਲਨ ਸੀਸ ਪਰੀ ਬਹੁ ਛਾਰਾ।

ਵੈ ਖ਼ੁੱਦ ਪਤਿ ਸੋ ਪਹੁੰਚੇ ਦਰਬਾਰਾ।

ਔਰੰਗੇ ਇਹ ਬਾਦ ਰਚਾਇਓ।

ਤਿਨ ਅਪਨਾ ਕੁਲ ਸਭ ਨਾਸ ਕਰਾਇਓ।

ਇਉ ਠਹਕਿ ਮੁੱਗਲਾਂ ਸਿਰ ਝਾਰੀ ।

ਤਨ ਹੋਇ ਪਾਪੀ ਵਹੁ ਨਰਕ ਸਿਧਾਰੀ ।

ਇਉਂ ਕਰਿ ਹੈ ਗੁਰਦਾਸ ਪੁਕਾਰਾ।

ਹੇ ਸਤਿਗੁਰੂ ਮੁਹਿ ਲੇਹੁ ਉਬਾਰਾ॥(੨੨)॥

ਇਸ ਦਾ ਮੋਟਾ -ਮੋਟਾ ਮਤਲਬ ਇਹ ਹੈ ਕਿ " ਅੱਠਵੇਂ ਸੂਰਬੀਰ, ਗੁਰੂ ਹਰਿ ਕ੍ਰਿਸ਼ਨ ਜੀ ਦੇ, ਜ਼ਾਹਰ ਹੋਣ ਨਾਲ ਇਕ ਹੋਰ ਗੁਰੂ ਕੌਤਿਕ ਸਾਹਮਣੇ ਆਇਆ। ਉਨ੍ਹਾਂ ਦਿੱਲੀ ਜਾ ਕੇ ਸੀਸ ਦਿੱਤਾ, ਇਹ ਕਿਸੇ ਬੀਮਾਰੀ ਦਾ ਹੱਲਾ ਨਹੀ,ਂ ਸਗੋਂ ਆਪ ਹੀ ਸਹਿਜੇ ਸਹਿਜੇ ਸਰੀਰ ਛੱਡਣ ਦਾ ਨਿਰਣਾ ਸੀ। ਐਸਾ ਕਰਨ ਦੀ ਲੋੜ, ਇਸ ਲਈ ਪਈ, ਕਿ ਔਰੰਗਜ਼ੇਬ ਨੇ, ਇਕ ਫ਼ਜੂਲ ਝਗੜਾ ਖੜਾ ਕਰ ਦਿੱਤਾ ਸੀ। ਝਗੜਾ ਸੀ ਕਿ ਗੁਰੂ ਜੀ, ਜਾਂ ਦਰਸ਼ਨ ਦੇਣ ਜਾਂ ਕਰਾਮਾਤ ਦਿਖਾਉਣ। ਗੁਰੂ ਪਿਤਾ ਦਾ ਹੁਕਮ ਸੀ, ਦਰਸ਼ਨ ਨਹੀਂ ਦੇਣੇ ਅਤੇ ਗੁਰੂ ਘਰ ਕਰਾਮਾਤ ਦਿਖਾਉਣ ਦੇ ਵਿਰੁੱਧ ਹੈ। ਆਪ ਜੀ ਦੇ ਸਰੀਰ ਤਜਣ ਨਾਲ, ਮੁਗਲਾਂ ਸਿਰ, ਬੜੀ ਸੁਆਹ ਪਈ। ਲੋਕੀਂ ਕਹਿਣ ਲੱਗ ਪਏ, ਕਿ ਔਰੰਗਜ਼ੇਬ ਨੇ. ਗੁਰੂ ਘਰ ਨਾਲ ਮੱਥਾ ਲਗਾ ਕੇ, ਚੰਗਾ ਨਹੀਂ ਕੀਤਾ ।ਬੜੇ ਤਿੱਖੇ ਨਤੀਜੇ ਨਿਕਲੇ । ਮੁਗਲਾਂ ਨੂੰ ਲੋਕੀਂ ਮਾੜੀ ਨਜਰ ਨਾਲ ਦੇਖਣ ਲੱਗ ਪਏ। ਮੁਗਲਾਂ ਦੀ ਸਲਤਨਤ ਹੀ ਤਬਾਹ ਹੋ ਗਈ । ਹੋਰ ਤਾਂ ਹੋਰ ਔਰੰਗਜ਼ੇਬ ਦਾ ਵੀ ਅੱਗਾ ਖਰਾਬ ਹੋਇਆ, ਦੁਸਟ, ਦੋਜ਼ਖ ਦੀ ਅੱਗ ਵਿੱਚ ਪਿਆ"। ਜਦ ਫਿਰ ਆਪ, ਦਿੱਲੀ ਪੁੱਜੇ ਤਾਂ ਜੋਤੀ ਜੋਤਿ ਦੀ ਖੇਡ ਹੀ ਰਚੀ ਸੀ। 'ਸਵਾਂਗ ਖੇਲਿ ਸੁਰਪੁਰਿ ਮਗ ਗਏ' ਗੁਰੂ ਜੀ ਨੇ ਜੋਤੀ ਜੋਤਿ ਸਮਾਉਣ ਦਾ ਫੈਸਲਾ ਕਰ ਲਿਆ ।ਬਚਨ ਇਹ ਕਹੇ

ਹਮਰਾ ਤੁਰਕਨ ਸੋ ਮੇਲ ਨ ਹੋਏ।

ਜੋ ਹਰਿ ਭਾਵੇ ਹੋਵੇ ਸੋਇ ।੧੦੭।

ਪਾਂਚ ਦਿਵਸ ਇਮ ਬੀਤਤ ਭਇਆ ।

ਤਬ ਮਾਤਾ ਜੀ ਕੋ ਸਤਿਗੁਰੁ ਕਹਿਆ ।

ਅਬ ਹਮ ਪਰਮ ਧਾਮ ਕੋ ਜਾਵੈਂ ।

ਤਨ ਤਜ ਜੋਤੀ ਜੋਤ ਸਮਾਵੈਂ ।੧੩।

ਜਦ ਮਾਤਾ ਜੀ ਨੂੰ ਜੋਤੀ ਜੋਤਿ ਸਮਾਉਣ ਦੇ ਬਚਨ ਆਖੇ, ਤਾਂ ਮਾਤਾ ਜੀ ਨੇ ਗੁਰੂ ਸਾਹਿਬ ਨੂੰ ਇਹ ਫੈਸਲਾ ਰੋਕਣ ਲਈ, ਹੱਥ ਜੋੜ ਕੇ ਬੇਨਤੀ ਕੀਤੀ। ਗੁਰੂ ਜੀ ਨੇ ਧੀਰਜ ਦੇਂਦੇ ਫਰਮਾਇਆ : "ਮਾਤਾ ਜੀ, ਇਹ ਸਭ ਵਿਧਾਤਾ ਦੇ ਲਿਖੇ ਅਨੁਸਾਰ ਹੋ ਰਿਹਾ ਹੈ। ਗੁਰੂ ਨਾਨਕ ਦੀ ਗੱਦੀ ਨੂੰ ਕੋਈ ਖਾਇਕ ਹਿਲਾ ਨਹੀਂ ਸਕਦਾ। ਇਹ ਸੱਚੀ ਹੈ, ਦ੍ਰਿੜ ਰਹੇਗੀ ਅਤੇ ਸਦਾ ਸੁਖ ਵੰਡਦੀ ਰਹੇਗੀ ।"

ਅਬਚਲ ਨੀਵ ਹੈ ਗੁਰ ਕੇਰੀ ।

ਰਹੈ ਸਦਾ ਢਿਡ ਸੁਖਦ ਬਡੇਰੀ ।

ਸੰਗਤਾਂ ਨੂੰ ਉਪਦੇਸ਼ :-

ਗੁਰ ਗਾਦੀ ਅਵਚਲ ਜਗ ਮਾਹੀ ।

ਵਧਹਿ ਪ੍ਰਤਾਪ ਮਿਟਹਿ ਕਿਮ ਨਾਹੀ ।

ਸਰੀਰਾਂ ਦੇ ਮੇਲ ਥੋੜ -ਚਿਰੇ ਹੀ ਹਨ । ਕੇਵਲ ਗੁਰ ਉਪਦੇਸ਼ ਕਮਾਉਣ ਦੀ ਲੋੜ ਹੈ। ਗੁਰ ਉਪਦੇਸ਼ ਕਮਾਇਆਂ, ਮਨ ਬਾਂਛਤ ਫਲ ਮਿਲਦੇ ਹਨ। ਇਹ ਕਦੇ ਨਾਂਹ ਭੁਲਣਾਂ, ਕਿ ਸਭ ਦਾ ਗੁਰੂ, ਗ੍ਰੰਥ ਸਾਹਿਬ ਹੈ। ਜੋ ਗੁਰੂ ਦਰਸ਼ਨ ਕਰਨਾ ਲੋਚਦਾ ਹੈ, ਉਹ ਸ਼ਰਧਾ ਤੇ ਨਿੰਮ੍ਰਤਾ ਨਾਲ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰੇ, ਸਭ ਪਾਪ ਵਿਨਾਸ ਹੋ ਜਾਣਗੇ।

ਗੁਰੂ ਗ੍ਰੰਥ ਸਾਹਿਬ ਸਭਿ ਕੇਰਾ।

ਜੋ ਹਮਰੇ ਚਹਿ ਦਰਸ਼ਨ ਹੇਰਾ।

ਜੋ ਸ਼ਰਧਾ ਧਰਿ ਹੇਰਨਿ ਕਰੈ।

ਪਾਪਨ ਗਨ ਕੌ ਤਤ ਛਿਨ ਹਰੈ॥੨੭॥

ਗੁਰੂ ਹਰਿ ਕ੍ਰਿਸ਼ਨ ਜੀ ਦੇ ਬਚਨ ਬਿਲਾਸ, ਅਤੇ ਅੱਗੇ ਪੰਥ ਕਿਸ ਦੇ ਲੜ ਲਗਾ ਚਲੇ ਹੋ, ਹੁਕਮ ਕਰੋ, ਆਦਿ ਸੰਗਤਾਂ ਦੀ ਅਰਜੋਈ ਦੀ ਸਮੁੱਚੀ ਸਾਖੀ ਨੂੰ, ਭਾਈ ਸੇਵਾ ਦਾਸ ਜੀ ਨੇ ਆਪਣੀਆਂ ਪਰਚੀਆਂ ਵਿੱਚ ਇਸ ਤਰ੍ਹਾਂ ਲਿਖਿਆ ਹੈ।

ਫਿਰ ਸੰਗਿਤ ਅਰਦਾਸ ਕੀਨੀ

ਜੋ ਸਚੇ ਪਾਤਸ਼ਾਹ, ਤੂੰ ਗੁਰੂ ਹਹਿ

ਕਰਣ ਕਾਰਣ ਤੇ ਸਰਰਿ ਤੇਰਾ ਬਾਲਕ ਹੈ।

ਤੁਮਹੁ ਜਗਤ ਕਾ ਤਮਾਸ਼ਾ ਕਛੁ ਨਹੀਂ ਦੇਖਿਆ ।

ਦਇਆ ਕਰਕੇ ਸਰੀਰ ਕਉਂ ਰਾਖੀਐ ਅਰ ਜਗਤ

ਤਮਾਸ਼ਾ ਦੇਖੀਐ ਤੇ ਸੰਗਤ ਕਉ ਭੀ ਉਧਾਰੀਐ ।

ਹੁਕਮ ਹੋਆ : ਸੰਗਤ ਜੀ ।ਜਹਾ ਹਮ

ਜਾਵਨਾ ਹੈ ਤਹਾ ਪਰਮ ਬਿਲਾਸ ਹੈ

ਅਰ ਬੜਾ ਰੰਗ ਹੈ ।

ਜਗਤ ਕਾ ਤਮਾਸ਼ਾ ਉਸ ਕੇ ਤੁਲੁ ਕਛੁ ਬਸਤੁ ਨਹੀਂ ।

ਫਿਰ ਹੁਕਮ ਹੋਆ : ਪਾਂਚ ਪੈਸੇ ਅਰ ਨਾਰੀਏਲ ਲਿਆਵਹੁ ਜੋ ਸੰਗਿਤ ਕਉ ਫੇਰਿ ਗੁਰੂ ਜੀ ਕਾ ਆਂਚਲ ਪਕੜਾਈਐ ।

ਤਾਂ ਸਿਖਾਂ ਨੇ ਬਚਨ ਪਾਇ

ਪਾਂਚ ਪੈਸੇ ਨਾਰਿਏਲ ਆਨਿਆ

ਤਬ ਗੁਰੂ ਜੀ ਆਪਣੇ ਸਨਮੁਖ ਰਖਾਇ ।

ਰਖਾਇ ਕਰ ਮਾਥਾ ਟੇਕਿਆ ।

ਫਿਰ ਬਚਨ ਉਚਾਰਿਆ :

ਜੋ ਬਾਬਾ ਬਕਾਲੇ

ਤਾਂ ਫਿਰ ਸੰਗਤਿ ਪੁਛਿਆ :

ਜੋ ਸੱਚੇ ਪਾਤਸ਼ਾਹ ਗੁਰੂ ਜੀ ਕਾ ਨਾਮ ਭੀ ਕਹਿ ਦੀਜੀਐ ।

ਹੁਕਮ ਹੋਆ : ਗੁਰੂ ਛਾਨਾ (ਗੁਝਾ) ਨਹੀਂ ਰਹੇਗਾ ।

ਸੰਗਤ ਦੀ ਰੁਚੀ ਤਾਂ ਬਾਤਾਂ ਕਰਣੇ ਕੀ ਬਹੁਤੀ ਸੀ, ਪਰ ਸੰਗਤਿ ਕੀ ਓਰਿ ਦੇਖਿ ਕਰ ਬਾਬੇ ਮੂਠ ਕੀਨੀ ।ਅਰਥ ਇਹ ਜੋ ਚੁਪ ਕਰ

ਜਾਵਹੁ। ਤਾਂ ਸੰਗਤ ਦੇਖਿਆ, ਜੋ ਬਾਤਾਂ ਕਰਣੇ ਕੀ ਗੁਰੂ ਜੀ ਕੀ ਰੁਚੀ ਨਹੀਂ ਸੰਗਤ ਚੁਪ ਕਰਿ ਗਈ । ਜਿਸ ਸਮੇਂ ਗੁਰੂ ਜੀ ਨੇ ਹੁਕਮ ਕੀਤਾ ਕਿ ਨਾਰੀਅਲ, ਪੰਜ ਪੈਸੇ ਲਿਆਵਹੁ। ਸੋਨੇ ਦੇ ਥਾਲ ਵਿੱਚ ਸੰਗਤ ਨੇ, ਪੰਜ ਪੈਸੇ ਨਾਰੀਅਲ ਲਿਆ ਰੱਖਿਆ, ਨਾਰੀਅਲ ਤੇ ਪੰਜ ਪੈਸੇ ਛੂਹ, ਆਪ ਜੀ ਨੇ ਟਿਕੇ ਹੋਏ ਹੀ ਸੱਜੇ ਹੱਥ ਨੂੰ ਉਠਾਇਆ, ਤਿੰਨ ਵਾਰੀ ਗੋਲਕਾਰ ਕੀਤਾ ਤੇ ਅੱਖਾਂ ਮੀਟ ਕੇ ਸਿਰ ਝੁਕਾਇਆ,

ਧਿਆਨ ਵਿੱਚ ਪਰਕਰਮਾ ਕਰਕੇ ਹੁਕਮ ਕੀਤਾ :

ਬਾਬਾ ਬਸਹਿ ਜਿ ਗ੍ਰਾਮ ਬਕਾਲੇ ।

ਬਨ ਗੁਰ, ਸੰਗਤਿ ਸਕਲ ਸਮਾਲੇ ।

ਜਦ ਕਿਸੇ ਵਿਚੋਂ ਨਾ ਦਾ ਪੁੱਛਿਆਂ ਤਾਂ ਆਪ ਜੀ ਨੇ ਇਤਨਾ ਹੀ ਕਿਹਾ : ਗੁਰਦੇਵ ਕਦੇ ਛੁਪਦੇ ਨਹੀਂ, ਉਹ ਸੂਰਜ ਸਮ ਸਭ ਨੂੰ

ਦਿਖਾਈ ਦੇਣਗੇ, ਉਹ ਪ੍ਰਿਥਵੀ ਸਮ ਧੀਰਜ ਵਾਲੇ, ਸੂਰਜ ਵਾਂਗ ਪਰਉਪਕਾਰੀ, ਚੰਦਰਮਾ ਸਮ ਠੰਡੇ ਜਿਗਰ ਵਾਲੇ ਹੋਣਗੇ । ਜੁਲਮੀ

ਰਾਜ ਨੂੰ ਬੰਨ੍ਹ ਪਾਉਣਗੇ ਉਸਦੇ ਸਪੁੱਤਰ ਪੰਥ ਦੀ ਸਾਜਣਾ ਕਰਨਗੇ, ਜ਼ੁਲਮ ਦੀ ਜੜ੍ਹ ਹੀ ਉਖੇੜ ਦੇਣਗੇ। ਹੋਰ, ੨੧ ਮਾਰਚ ੧੬੬੪ ਨੂੰ ਜੋਤੀ ਜੋਤ ਸਮਾਉਣ ਤੋਂ ੯ ਦਿਨ ਪਹਿਲਾਂ, ਤਾਂ ਗੁਰੂ ਤੇਗ ਬਹਾਦਰ ਜੀ ਦਿੱਲੀ ਸਨ । ਆਪ ਜੀ ਨੂੰ, ਗੁਰੂ ਹਰਿ ਕ੍ਰਿਸ਼ਨ ਜੀ ਨੇ ਸਭ

ਸੰਗਤਾਂ ਸਾਹਮਣੇ ਬਕਾਲਾ ਜਾਣ ਦੀ ਆਗਿਆ ਕੀਤੀ ਸੀ। ਭਰਮ ਦੀ ਗੁੰਜਾਇਸ਼ ਨਹੀਂ ਸੀ। ਔਰਗਜ਼ੇਬ ਅਤੇ ਰਾਜਾ ਜੈ ਸਿੰਘ ਦੀ

ਹਾਰ, ਸਾਜ਼ਿਸ਼ਾਂ ਨਾਕਾਮ ਰਹੀਆਂ ਜੋਤੀ ਜੋਤ ਸਮਾਉਣ ਤੋਂ ਪਹਿਲੇ, ਗੁਰੂ ਜੀ ਦੀ ਉਪਮਾ ਸਾਰੀ ਦਿੱਲੀ ਵਿੱਚ ਫੈਲ ਗਈ । ਐਸਾ ਗੁਰੂ ਨਾਨਕ ਦੇ ਤਖਤ ਤੇ ਬੈਠਾ ਹੈ, ਜੋ ਬੇਮੁਹਤਾਜ, ਬੇਪ੍ਰਵਾਹ ਔਰੰਗਜ਼ੇਬ ਦੀ ਬਿਲਕੁਲ ਪ੍ਰਵਾਹ ਨਹੀਂ ਕਰਦਾ । ਬੰਗਲਾ ਸਾਹਿਬ ਹਰ ਵੇਲੇ ਭੀੜ ਬਣੀ ਰਹਿੰਦੀ ।" ਭਰੀ ਭੀੜ ਸਤਿਗੁਰ ਦਵਾਰੇ"। ਕੋਈ ਸਿਮਰਨ, ਸੁੱਖ, ਸੁਤ, ਧਨ ਧਾਮ ਦੀ ਜਾਚਨਾ ਕਰਦੇ, ਸਭ ਦੀਆਂ ਇਛਾਵਾਂ ਪੂਰੀਆਂ ਹੁੰਦੀਆਂ । ਔਰੰਗਜੇਬ, ਦਰਸ਼ਨ ਕਰਨੇ ਲੋਚਦਾ ਸੀ ਅਤੇ ਕਰਾਮਾਤਾਂ ਦੇਖਣ ਦਾ ਸ਼ੌਕੀਨ ਸੀ । ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਆਪਣੇ ਗੁਰ ਪਿਤਾ ਦਾ ਹੁਕਮ ਸੀ, ਔਰੰਗਜ਼ੇਬ ਵਰਗੇ ਪਾਪੀ ਰਾਜੇ ਦੇ ਮੱਥੇ ਨਹੀਂ ਲੱਗਣਾ ਅਤੇ ਨਾ ਹੀ ਕਰਾਮਾਤ ਦਿਖਾਉਣੀ । ਔਰੰਗਜ਼ਬ, ਦੇਸ਼ ਦੀ ਹਕੂਮਤ ਦਾ ਮਾਲਿਕ ਹੁੰਦਿਆਂ ਵੀ, ਆਪਣੀ ਖਾਹਿਸ਼ ਪੂਰੀ ਨਹੀਂ ਕਰ ਸਕਿਆ, ਰਾਜਾ ਜੈ ਸਿੰਘ ਵੀ ਔਰੰਗਜ਼ੇਬ ਵੀ ਨਾਲ ਰਲਕੇ ਸਾਜ਼ਿਸ਼ ਰਚਾਉਂਦਾ ਰਿਹਾ ਸੀ। ਪਹਿਲੀ ਸਾਜ਼ਿਸ਼ : ਮਿਰਜਾ, ਰਾਜਾ ਜੈ ਸਿੰਘ ਆਪਣੀ ਰਾਣੀ ਨੂੰ ਨੌਕਰਾਣੀਆਂ ਵਾਲੇ ਕਪੜੇ ਪਵਾ ਕੇ, ਅਤੇ ਸਵਾਣੀਆਂ ਨੂੰ ਰਾਣੀ ਵਾਲੇ ਕਪੜੇ ਪੁਆ ਕੇ, ਗੁਰੂ ਜੀ ਸਾਹਮਣੇ ਲਿਆਏ ਅਤੇ ਜੇ ਉਨ੍ਹਾਂ ਨਾਂ ਪਛਾਣਿਆਂ, ਤਾਂ ਫਿਰ ਔਰੰਗਜ਼ੇਬ ਵੀ, ਫਕੀਰੀ ਭੇਸ ਵਿੱਚ, ਗੁਰੂ ਜੀ ਨੂੰ ਮਿਲ ਜਾਏਗਾ ਤੇ ਇਸ ਤਰ੍ਹਾਂ ਪ੍ਰਣ ਵੀ ਟੁੱਟ ਜਾਏਗਾ ਤੇ ਅਜ਼ਮਤ ਭੀ ਘਟ ਜਾਏਗੀ । ਇਹ ਸਾਜ਼ਿਸ਼ ਫੇਲ ਹੋਈ, ਮਹਾਰਾਜ ਨੇ ਪਟਰਾਣੀ ਦੇ ਸਿਰ ਤੇ ਛੜੀ ਰੱਖ ਦਿੱਤੀ ਤੇ ਕਿਹਾ : ਪਟਰਾਨੀ ਹੋਕੇ ਤੇਨੂੰ ਕਪਟ ਕਰਨ ਦੀ ਕੀ ਲੋੜ ਸੀ। ਰਾਜਾ ਜੈ ਸਿੰਘ ਨੇ ਕੁਮਤਿ ਪਕੜੀ ਹੋਈ ਹੈ । ਦੂਸਰੀ ਸਾਜ਼ਿਸ਼ : ਉਮਰਾਵ ( ਅਹਿਲਕਾਰ) ਹੱਥ, ਗੁਰੂ ਸਾਹਿਬ ਦੇ ਨਜ਼ਰਾਨੇ ਲਈ, ਰਤਨ, ਬਸਤਰ,ਖਿਲੋਣੇ, ਗਹਿਣੇ ਅਤੇ ਮਾਲਾ ਭੇਜੀਆਂ ਗਈਆਂ। ਗੁਰੂ ਸਾਹਿਬ ਨੇ, ਸਿਰਫ਼ ਤਸਬੀ ਰੱਖ ਕੇ ਬਾਕੀ ਸਭ ਠੁਕਰਾ ਦਿੱਤੀਆਂ। ਭੇਟਾਵਾਂ ਲਿਆਉਣ ਵਾਲੇ ਨੂੰ ਕਿਹਾ ਕਿ ਬਾਦਸ਼ਾਹ ਨੂੰ ਜਾਕੇ ਕਹਿ ਦੇਣਾਂ, ਮੇਲ ਕਿਸੇ ਵੀ ਸੂਰਤ ਵਿੱਚ ਨਹੀਂ ਹੋਵੇਗਾ। ਤੀਸਰੀ ਸਾਜ਼ਿਸ਼ : ਔਰੰਗਜ਼ੇਬ ਦਾ ਆਪਣੇ ਬੇਟੇ ਨੂੰ ਦਰਸ਼ਨਾਂ ਲਈ ਭੇਜਣਾ । ਚੌਥੀ ਸਾਜ਼ਿਸ਼ : ਅਚਾਨਕ ਔਰੰਗਜ਼ੇਬ ਬੰਗਲਾ ਸਾਹਿਬ ਇੱਕ ਦਿਨ ਸਵੇਰੇ ਤੜਕਸਾਰ ਹੀ ਆਪੂੰ ਚੱਲ ਕੇ ਆ ਗਿਆ। ਗੁਰੂ ਜੀ ਨੂੰ ਜਦ ਖਬਰ ਪਹੁੰਚੀ ਤਾਂ ਸਾਹਿਬ ਨੇ ਯਕਦਮ ਦਰਵਾਜ਼ਾ ਬੰਦ ਕਰਵਾ ਦਿੱਤਾ। ਇਹ ਵੀ ਫਰਮਾ ਦਿੱਤਾ ਸੀ ਕਿ ਜੇ ਸੀਸ ਦੇਣਾ ਪਵੇ ਤਾਂ ਦੇ ਦੇਵਾਂਗਾਂ । ਅੰਦਰੋਂ ਦਰਗਾਹ ਮੱਲ ਨੇ ਆਕੇ 'ਗੁਰੂ ਜੀ ਦਾ ਪ੍ਰਣ ਤੇ ਹੁਕਮ ਸੁਣਾਇਆ' ਕਿ ਉਹ ਕਿਸੇ ਸੂਰਤ, ਦਰਸ਼ਨ ਨਹੀਂ ਦੇਣ ਲੱਗੇ। ਔਰੰਗਜ਼ੇਬ ਦੀ ਅਰਜ਼ੋਈ ਫਿਰ ਦਰਗਾਹ ਮਲ ਨੇ ਪੁਜਾਈ ਕਿ ਉਹ ਕਹਿੰਦਾ ਹੈ :

(ਅਧੀ ਘੜੀ ਅਉਰੰਗਾ ਬੂਹੇ ਤੇ ਖੜਾ)

ਮੈਂ ਕੇਵਲ ਦੇਖਣ ਦੀ ਹੀ ਚਾਹ ।

ਹੋਰ ਨਹੀਂ ਕੁਝ ਆਖਨ ਸੁਨਨਿ ਕੀ ਮਨ ਮਹਿ ਰਾਹ ।੩੩।

ਦਰਗਾਹ ਮਲ ਨੇ ਫਿਰ ਹੁਕਮ ਸੁਣਾਇਆ, ਕਿ ਗੁਰੂ ਜੀ ਕੋਈ ਗੱਲ ਨਹੀਂ ਸੁਣਦੇ । ਇਸ ਤਰਾਂ ਅੱਧੀ ਘੜੀ ਔਰੰਗਜ਼ੇਬ ਬਾਹਰ ਬੂਹੇ ਤੇ ਖੜਾ ਰਹਿਆ ।

"ਜੁਆਬ ਸੁਆਲ ਵਿੱਚ ਦਰਗਾਹ ਮਲ ਪਇਆ"

ਅਧੀ ਘੜੀ ਬੂਹੇ ਤੇ

ਅਉਰੰਗਾ ਖੜਾ ਰਹਿਆ

ਔਰੰਗਜ਼ੇਬ ਇਹ ਹੀ ਆਖੀ ਜਾਏ ਕਿ

"ਮੇਰੇ ਹੈ ਚਾਹ ਦੀਦਾਰ

ਮੈਂ ਆਪ ਚਲ ਆਇਆ ਹਾਂ

ਫਕੀਰ ਦਰਬਾਰ।" ॥੩੪॥

ਜੈ ਸਿੰਘ ਦੇ ਮੱਹਲਾਂ ਤੋਂ ਮੁੜਦਿਆਂ ਹੀ ਮਹਰਾਜ ਨੇ ਆਗਿਆ ਕਰ ਦਿੱਤੀ ਸੀ ਕਿ ਹੁਣ ਬੰਗਲਾ ਸਾਹਿਬ ਨਹੀਂ ਰਹਿਣਾ। ਇਥੇ ਨਿੱਤ ਨਵੀਆਂ ਸਾਜ਼ਿਸ਼ਾਂ ਹੁੰਦੀਆਂ ਰਹਿਣਗੀਆਂ ।

ਤਯਾਰੀ ਕਰਹੁ ਵਹਰ ਹਮ ਗਮੈਂ ।

ਡੇਰਾ ਅਵਰ ਥਾਨ ਹੀ ਕਰੈਂ ।

ਇਹਾ ਨ ਚਿਤ ਅਨੰਦ ਕੋ ਕਰੈ ।

ਇਥੇ ਕਥਾ ਵਾਚਕ ਬੜੀ ਦਰਦਨਾਕ, ਸ਼ਰਮਨਾਕ ਵਿਥਿਆ ਘੜਦੇ ਹਨ, ਕਹਿੰਦੇ ਹਨ, ਕਿਉਂਕਿ ਗੁਰੂ ਸਾਹਿਬ ਨੂੰ ਸੀਤਲਾ ਹੋ ਗਈ ਸੀ, ਇਸ ਲਈ ਉਹਨਾਂ ਨੇ ਖੁਲੀ ਜਗ੍ਹਾ ਜਾਣ ਦਾ ਨਿਰਣਾ ਲਿਆ, ਜਿਥੇ ਬੇਹੋਸ਼ੀ ਦੀ ਹਾਲਤ ਵਿੱਚ ਕੇਵਲ 'ਬਾਬੇ ਬਕਾਲੇ' ਹੀ ਕਹਿ ਸਕੇ। ਸੱਚ ਤਾਂ ਇਹ ਹੈ ਕਿ ਉਹਨਾਂ ਹੀ ਦਿਨਾਂ ਵਿੱਚ, ਤੇਗ ਬਹਾਦਰ ਜੀ ਆਗਰੇ ਤੋਂ ਚਲਕੇ, ਕਲਯਾਨਾ ਦੀ ਧਰਮਸ਼ਾਲਾ ਵਿੱਚ ਪਹੁੰਚੇ ਹੋਏ ਸਨ। ਆਪ ਜੀ ਵੀ ਕਲਯਾਨਾ ਦੀ ਧਰਮਸ਼ਾਲਾ ਗਏ ਸਨ। ਜਿੱਥੇ (ਗੁਰੂ) ਤੇਗ ਬਹਾਦਰ ਨੂੰ ਮਿਲੇ ਸਨ। ਗੁਰੂ ਸਾਹਿਬ ਨੇ, ਔਰੰਗਜ਼ੇਬ ਅਤੇ ਉਸਦੇ ਦਰਬਾਰੀਆਂ ਦੀਆਂ ਸਾਰੀਆਂ ਸਾਜ਼ਿਸ਼ਾਂ, ਮਨਸੂਬੇ, ਚਾਲਾਂ, ਤਰਲੇ ਨਾਕਾਮ ਕਰ ਦਿੱਤੀਆਂ ਸਨ। ਗੁਰੂ ਦੇ ਪ੍ਰਤਾਪ ਅੱਗੇ ਸਭ ਝੁਕ ਗਏ ਸਨ, ਹੁਣ ਆਪਣੀ ਹੀ ਮਰਜ਼ੀ ਅਤੇ ਪ੍ਰਮੇਸ਼ਰ ਦੇ ਹੁਕਮਾਂ ਅਨੁਸਾਰ ਸਰੀਰ ਨੂੰ ਤਿਆਗ ਦਿਤਾ ਸੀ।